ਇਹ ਚਿੱਠੀ ਕਥਿਤ ਤਾਜਪੋਸ਼ੀ ਦੀ ਰਸਮ ਤੋਂ ਪਹਿਲਾਂ ਹੀ ਸਿੰਘ ਸਾਹਿਬ ਬਣ ਰਹੇ ਭਾਈ ਰਣਜੀਤ ਸਿੰਘ ਜੀ ਦੇ ਹੱਥ ਵਿਚ ਫੜਾ ਦਿਤੀ ਗਈ ਸੀ।

**ੴਸਤਿਗੁਰ ਪ੍ਰਸਾਦਿ ॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥** [੧੧੦੫]-੨
[Dec:7 1996]

ਸਤਿਕਾਰ ਜੋਗ ਸਿੰਘ ਸਾਹਿਬ ਭਾ: ਰਣਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ,
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ॥

ਕੌਮ ਨੂੰ ਧਾਰਮਿਕ ਅਤੇ ਸਿਆਸੀ ਪੱਖੋਂ ਇਕ ਕੇਂਦਰੀ ਅਸਥਾਨ (ਪਰਮ ਪਵਿੱਤ੍ਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਨਾਲ ਜੋੜੀ ਰੱਖ ਕੇ ਸਦਾ ਚੜ੍ਹਦੀ ਕਲਾ ਵਾਲੇ ਤੇਜ ਪ੍ਰਤਾਪ ਦਾ ਮਾਲਕ ਬਣਾਈ ਰੱਖਣ ਦੀ ਜਿੰਮੇਵਾਰੀ ਨਿਭਾਉਣ ਲਈ ਪੰਥ ਵਿਚ ਸਰਬ ਉੱਚ ਅਧਿਕਾਰਾਂ ਵਾਲੀ ਪਦਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਣਾ ਕਰਨੀ, ਸਤਿਗੁਰਾਂ ਦੀ ਅਪਾਰ ਬਖ਼ਸ਼ਸ਼ ਹੈ । ਇਸ ਪਦਵੀ ਤੇ ਬਿਰਾਜਮਾਨ ਜਥੇਦਾਰ ਸਾਹਿਬ ਨੇ ਕੌਮੀ ਏਕਤਾ ਬਣਾਈ ਰੱਖਣ ਲਈ ਸਦਾ ਸੁਚੇਤ ਰਹਿ ਕੇ ਵੇਖਣਾ ਹੈ ਕਿ ਕੌਮ ਕੇਂਦ੍ਰੀ ਮਰਯਾਦਾ ਨਾਲੋਂ, ਗੁਰਮਤਿ ਦੇ ਇੱਕ ਪੱਕੇ ਸਿਧਾਂਤ ਨਾਲੋਂ ਕਿਸੇ ਹਾਲਤ ਵਿਚ ਵੀ ਨਾ ਟੁੱਟੇ । ਮਰਯਾਦਾ ਦੀ ਉਲੰਘਣਾ ਜੇ ਮਹਾਰਾਜਾ ਰਣਜੀਤ ਸਿੰਘ ਜਿਹਾ ਸ਼ਕਤੀ ਸ਼ਾਲੀ ਸਿਆਸਤਦਾਨ ਵੀ ਕਰਦਾ ਹੋਵੇ ਤਾਂ ਉਸ ਨੂੰ ਵੀ ਪਿੱਠ ਨੰਗੀ ਕਰਕੇ ਕੋੜੇ ਖਾਣ ਦੀ ਸਜ਼ਾ ਸੁਣਾ ਦੇਣ ਵਿਚ ਜ਼ਰਾ ਝਿਜਕ ਜਾਂ ਢਿੱਲ ਨਾ ਕਰਨੀ, ਸ੍ਰੀ ਅਕਾਲਤਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਪਦਵੀ ਦਾ ਮੁੱਖ ਧਰਮ ਹੋਣਾ ਚਾਹੀਦਾ ਸੀ । ਪਰ ਬੜੇ ਲੰਮੇ ਸਮੇ ਤੋਂ **ਇਹ ਪਦਵੀ**-- ਸੂਰਮੇ, ਤਿਆਗੀ, ਨਿਰਪੱਖ, (ਮੂੰਹ ਤੇ ਝੂਠੀ ਵਡਿਆਈ ਕਰਨ ਵਾਲੇ) ਝੋਲੀ ਚੁੱਕਾਂ ਦੇ ਅਸਰ ਤੋਂ ਬੇਨਿਆਜ਼, ਗੁਰਮਤਿ-ਸਿਧਾਂਤ ਤੋਂ ਪੂਰੇ ਗਿਆਤਾ, ਪੰਥਕ ਸਿੱਖ ਰਹਿਤ ਮਰਯਾਦਾ ਦੀ ਪਾਵਨਤਾ, ਸ਼ੁੱਧਤਾ ਅਤੇ ਅਟੱਲਤਾ ਦੀ ਰਾਖੀ ਲਈ ਸਦਾ ਤਤਪਰ, ਨਿਰਭੈ ਅਤੇ ਨਿਰਪੱਖ ਜਥੇਦਾਰ ਸਾਹਿਬ ਤੋਂ ਵਾਂਜੀ ਤੁਰੀ ਆ ਰਹੀ ਹੈ । ਜਿਸ ਦਾ ਹੀ ਸਿੱਟਾ ਹੈ ਕਿ ਡੇਰਾਵਾਦ ਤੋਂ ਅਰੰਭ ਹੋਈ ਪੰਥਕ ਰਹਿਤ ਮਰਯਾਦਾ ਦੀ ਖੰਡਨਾ ਅੱਜ ਸ੍ਰੀ ਹਰਮੰਦਰ ਸਾਹਿਬ ਵਿਚ ਵੀ ਬੜੀ ਦਲੇਰੀ ਨਾਲ ਕੀਤੀ ਜਾਣੀ ਅਰੰਭ ਹੋ ਚੁੱਕੀ ਹੈ । ਹਰਿ ਮੰਦਰ ਸਾਹਿਬ ਜੀ ਦੇ ਕੰਧਾ ਕੋਠੇ ਬਾਰੂਦ ਨਾਲ ਉਡਾ ਦੇਣ ਵਾਲੇ ਜਰਵਾਣੇ ਇਸ ਪਾਵਨ ਅਸਥਾਨ ਦੀ ਸ਼ਾਨ ਦਾ ਕਿੰਗਰਾ ਵੀ ਨਹੀਂ ਸਨ ਭੋਰ ਸਕੇ ਪਰ, ਇਤਿਹਾਸ ਪੁਕਾਰ ਪੁਕਾਰ ਕੇ ਸਾਖੀ ਭਰ ਰਿਹਾ ਹੈ, ਕਿ, ਮਰਯਾਦਾ ਵਿਗਾੜ ਲੈਣ ਨਾਲ ਕੌਮਾਂ ਜਾਂ ਉਂਜ ਹੀ ਨੇਸਤੋ ਨਾਬੂਦ ਹੋ ਗਈਆਂ ਜਾਂ ਗੁਮਨਾਮੀ ਦੀ ਨੁੱਕਰੇ ਪਈਆਂ ਸਹਿਕ ਰਹੀਆਂ ਹਨ। ਮਰਯਾਦਾ ਦੂਸ਼ਤ ਹੋ ਜਾਣ ਵਾਲੇ ਦੁਖਦਾਈ ਭਾਣੇ ਦਾ ਹੀ ਸਿੱਟਾ ਹੈ ਕਿ ਗੁਰੂ ਨਾਨਕ ਨਿਰੰਕਾਰੀ ਜੀ ਦਾ ਪੰਥ ਜੋ ੧੭੦੮ ਵਿਚ ਸੀ ੧੮੩੯ ਵਿਚ ਨਹੀਂ ਸੀ, ਅਤੇ ਜੋ ੧੯੪੭ ਵਿਚ ਸੀ ਉਹ ੧੯੫੫ ਵਿਚ ਨਹੀਂ ਪਰ ੧੯੬੬ ਤੱਕ ਪੰਥ ਆਪਣੀ ਆਭਾ ਹੋਰ ਵਿਗਾੜ ਚੁੱਕਾ ਸੀ । ਫਿਰ ਪੰਥ ਜੋ ੧੯੮੪ ਵਿਚ ਸੀ ਉਹ ਅੱਜ ਨਹੀਂ ਹੈ । ਭਾਵ, ਦਿਨੋਂ ਦਿਨ ਹੋਰ ਤੋਂ ਹੋਰ ਧੜਿਆਂ ਵਿਚ ਵੰਡੀ ਜਾ ਕੇ ਇੱਕ ਦੇ ਥਾਂ ਕਈ ਜਥੇਦਾਰਾਂ ਦੀ, ਕਈ ਤਰ੍ਹਾਂ ਦੇ ਧਰਮ ਆਗੂਆਂ ਦੀ ਅਤੇ ਬੇਅੰਤ ਡੇਰਾਵਾਦੀਆਂ ਦੀ ਅਗਵਾਈ ਵਾਲੀ ਭੂਲ-ਭਲਈਆਂ ਵਿਚ ਫਸਦਾ ਜਾ ਰਿਹਾ ਇਹ ਦੂਲਾ ਪੰਥ, ਨਿੱਤ ਨਵੀਂ ਖ਼ੁਆਰੀ ਦਾ ਮੂੰਹ ਵੇਖ ਰਿਹਾ ਹੈ।

੨- **ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥**---

**ਜੈਸਾ ਸੇਵੈ ਤੈਸੋ ਹੋਇ ॥** [੨੨੪]--**ਸੋ ਜੀਵਤ ਜਿਹ ਜੀਵਤ ਜਪਿਆ ॥** [੨੫੪]--**ਮੁਕਤੇ ਸੇਵੇ ਮੁਕਤਾ ਹੋਵੈ ॥** [੧੧੬] **ਜਿਸੁ ਸਿਉ ਰਾਤਾ, ਤੈਸੋ ਹੋਵੈ, ਸਚੇ ਸਚਿ ਸਮਾਇਆ ॥** [੬੪]--**ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥** [੭੫੫]-- ਪੂਰੇ ਯਕੀਨ ਨਾਲ ਇਹ ਆਸ ਰੱਖੀ ਜਾ ਸਕਦੀ ਹੈ ਕਿ ਆਪ ਜੀ ਗੁਰਮਤਿ ਦੇ ਇਸ ਪੱਕੇ ਸਿਧਾਂਤ ਨੂੰ ਭਲੀ ਭਾਂਤ ਜਾਣਦੇ ਹੋ, ਕਿ ਜਿਸ ਨਾਲ ਹਿਰਦੇ ਤੋਂ ਸੱਚਾ ਪਿਆਰ ਵਾਲਾ ਸਾਥ ਹੋਵੇ, ਮਨ, ਬਚ, ਕਰਮ ਤੋਂ ਆਪ ਵੀ ਵੈਸਾ ਹੀ ਹੋ ਜਾਈਦਾ ਹੈ । ਮੂਲਮੰਤ੍ਰ ਵਿਚਲੇ **ਨਿਰਭਉ** ਅਤੇ **ਨਿਰਵੈਰ** ਪਦਾਂ ਤੋਂ ਸਪੱਸ਼ਟ ਹੈ ਕਿ ਸਤਿਗੁਰਾਂ ਨੇ ਸਿੱਖੀ ਦੇ ਨਿਆਰੇ ਮਹਲ ਦੀ ਨੀਂਹ, " **ਨਿਰਭੈਤਾ** " **[ਆਪਿ ਨ ਡਰਉ ਨ ਅਵਰ ਡਰਾਉ ]** ਅਤੇ " **ਨਿਰਵੈਰਤਾ --**"। **ਧੰਨੁ ਧੰਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥** {੫੯੪}ਤੇ ਧਰੀ ਹੋਈ ਹੈ ।[ਨੀਂਹ-ਪੱਥਰ ਦਾ ਹਿੱਲ ਜਾਣਾ ਪੰਥਕ ਮਹਲ ਲਈ ਖ਼ਤਰੇ ਦੀ ਘੰਟੀ ਸਮਝਣੀ ਚਾਹੀਦੀ ਹੈ] ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਦਿਲੀ ਸੱਧਰ ਸੀ ਕਿ ਉਨ੍ਹਾਂ ਦਾ ਖ਼ਾਲਸਾ **ਭੈ** ਅਤੇ **ਵੈਰ** ਦੀ ਮੈਲ ਤੋਂ ਰਹਿਤ ਹੋਵੇ । ਭਾਵੇਂ ਆਪ ਜੀ ਵਿਦਤ ਹੀ ਹੋ ਫਿਰ ਵੀ ਆਪਣੀ ਅਸਲ ਬੇਨਤੀ ਲਿਖਣ ਤੋਂ ਪਹਿਲਾਂ, ਸਤਿਗੁਰਾਂ ਦੇ ਜੀਵਨ ਕਾਲ ਦੇ ਇਤਿਹਾਸਕ ਪੱਖ ਵੱਲ ਅਤੇ ਗੁਰਬਾਣੀ ਦੇ ਬੇਅੰਤ ਸ਼ਬਦਾਂ ਤੋਂ ਨਿਰੰਤਰ ਮਿਲ ਰਹੀ ਸਿਖਿਆ ਵਲ ਪੰਖੀ-ਅੱਖ-ਝਾਤੀ ਮਰਵਾ ਲੈਣ ਦੀ ਆਗਿਆ ਚਾਹੁੰਦਾ ਹਾਂ । ਗੁਰਮਤਿ ਦੇ ਉਸ ਵਿਸ਼ਾਲ ਅਕਾਰ ਦਾ ਸੰਖੇਪ ਰੂਪ---

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

**(ੳ)** ਗੁਰੂ ਨਾਨਕ ਨਿਰੰਕਾਰੀ ਜੀ ਨੇ ਜ਼ਾਲਮ ਨੂੰ ਨਹੀਂ ਸਗੋਂ ਜ਼ੁਲਮ ਨੂੰ ਜੜ੍ਹਾਂ ਤੋਂ ਖ਼ਤਮ ਕਰ ਦੇਣ ਦੀ ਸਮਰਥਾ ਆਪਣੇ ਪੰਥ ਨੂੰ ਬਖ਼ਸ਼ੀ ਹੈ। ਸਤਿਗੁਰਾਂ ਨੇ ਵੱਡੇ ਤੋਂ ਵੱਡੇ ਜ਼ਾਲਮ ਨੂੰ ਵੀ ਜਾਨੋਂ ਨਹੀਂ ਸੀ ਮਾਰਿਆ, ਸਗੋਂ ਉਸ (ਨਿਰਦਈ ਜ਼ਾਲਮ) ਨੂੰ ਮਨੁੱਖਤਾ ਦਾ ਸੇਵਕ ਬਣਾ ਦਿੱਤਾ। ਵਿਸ਼ਵਾਸ਼ਘਾਤੀ ਅਤੇ ਕਾਤਲ ਠੱਗ ਨੂੰ ਭਾਈ ਸੱਜਣ ਬਣਾ ਕੇ ਉਸ ਦੇ ਜ਼ੁਲਮੀ ਕਾਰਿਆਂ ਵਾਲੇ ਅੱਡੇ ਨੂੰ ਸਿੱਖੀ ਪਰਚਾਰ ਦੀ ਧਰਮਸਾਲਾ ਬਣਾਇਆ, ਨਿਰਦਈ ਠੱਗ ਤੋਂ ਭਾਈ ਬਣ ਚੁੱਕੇ ਸੱਜਣ ਜੀ ਨੂੰ ਗੁਰਸਿੱਖੀ ਦਾ ਪਰਚਾਰਕ ਅਤੇ ਮਨੁੱਖਤਾ ਦਾ ਸੇਵਕ ਥਾਪ ਦਿੱਤਾ। ਬੰਦੇ ਖਾਣੇ ਭੀਲ ਨੂੰ ਭਾਈ ਕੌਡਾ ਅਤੇ ਚੋਰ ਨੂੰ ਭਾਈ ਭੂਮੀਆਂ ਅਖਵਾਉਣ ਜੋਗਾ ਬਣਾ ਦਿੱਤਾ। ਅਤੇ ਹੋਰ ਬੇਅੰਤ ਜ਼ਾਲਮਾਂ ਨੂੰ ਮਨੁੱਖਤਾ ਦੇ ਸੇਵਕ ਬਣਾਇਆ।

**(ਅ)** ਪੰਚਮ ਪਾਤਿਸ਼ਾਹ ਨੇ ਚੋਰ ਅਥਵਾ ਡਾਕੂ ਬਿਧੀ ਚੰਦ ਨੂੰ ਭਾਈ ਬਿਧੀ ਚੰਦ ਬਣਾ ਕੇ ਉਸ ਨੂੰ ਗੁਰਮਤਿ ਦਾ ਪਰਚਾਰਕ ਥਾਪਿਆ। ਤੱਤੀ ਲੋਹ ਤੇ ਬੈਠੇ ਗੁਰਦੇਵ ਨੂੰ ਵੇਖ ਕੇ ਜਦ ਪੀਰ ਮੀਆਂ ਮੀਰ ਨੇ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦੇਣ ਦੀ ਗੱਲ ਕੀਤੀ ਤਾਂ ਸ਼ਾਂਤੀ ਦੇ ਪੁੰਜ, ਪੰਚਮ ਪਾਤਸ਼ਾਹ ਜੀ ਨੇ ਜੋ ਫ਼ਰਮਾਇਆ ਉਸ ਦਾ ਸਾਰੰਸ---" ਜੇ ਅਸੀਂ ਹੀ ਬਦਲੇ ਲੈਣ ਵਾਲੇ ਬਣ ਗਏ ਤਾਂ ਖਿਮਾਂ, ਸ਼ਾਂਤੀ, ਪਿਆਰ ਅਤੇ ਸਾਂਝੀਵਾਲਤਾ ਦਾ ਪਾਠ ਕਿਸ ਨੇ ਪੜ੍ਹਾਉਣਾ ਹੈ ? ਨਾਲੇ ਬਦਲਾ ਲੈਣਾ ਕਿਸ ਕੋਲੋਂ ਹੈ ? ਜਿਨ੍ਹਾਂ ਨੂੰ ਏਨਾਂ ਵੀ ਗਿਆਨ ਨਹੀਂ ਕਿ ਉਹ ਆਪਣੇ ਹੀ ਸ਼ੁੱਭ ਚਿੰਤਕ ਨੂੰ ਤਸੀਹੇ ਦੇ ਰਹੇ ਹਨ **?** ਪੀਰ ਜੀ ! ਉਨ੍ਹਾਂ ਦੀ ਹਾਲਤ ਤੇ ਤਰਸ ਕਰੋ ਅਤੇ ਅੱਲਾ ਅਗੇ ਉਨ੍ਹਾਂ ਦੇ ਹੱਕ ਵਿਚ ਦੁਆ ਕਰੋ ਕਿ ਉਹ ਭਲੇ ਪੁਰਸ਼ ਬਣ ਜਾਣ। "

**(ੲ)** ਮੀਰੀ ਪੀਰੀ ਦੇ ਮਾਲਕ ਛੱਟਮ ਪੀਰ, ਗੁਰੂ ਹਰਗੋਬਿੰਦ ਸਾਹਿਬ ਨੇ ਲੜਾਈ ਛਿੜਦੀ ਵੇਖੀ ਤਾਂ ਸ੍ਰੀ ਦਰਬਾਰ ਸਾਹਿਬ ਤੋਂ ਚਲੇ ਗਏ ਅਤੇ ਆਪਣੀ ਬੇਟੀ ਦੀ ਸ਼ਾਦੀ ਝੁਬਾਲ ਜਾ ਕੀਤੀ। ਚੋਹਾਂ ਲੜਾਈਆਂ ਵਿਚੋਂ ਇੱਕ ਵੀ ਗੁਰਦੇਵ ਜੀ ਨੇ ਆਪ ਨਹੀਂ ਸੀ ਸਹੇੜੀ। ਲੋਕਾਂ ਦਾ ਅਮਨ ਭੰਗ ਹੁੰਦਾ ਵੇਖ ਕੇ ਆਪ ਜੀ ਮਾਝੇ ਦੀ ਧਰਤੀ ਹੀ ਛੱਡ ਗਏ। ਕੀਰਤ ਪੁਰ ਜਾ ਡੇਰਾ ਲਾਇਆ। ਆਪਣੇ ਤਖ਼ਤ ਤੇ ਬੈਠਿਆਂ ਹੀ ਮੁਗ਼ਲ ਹਾਕਮਾ ਨੂੰ ਗੱਡੀ ਚੜ੍ਹਾ ਸਕਣ ਵਾਲਿਆਂ ਸਿੱਖਾਂ ਦੀ ਉਨ੍ਹਾਂ ਕੋਲ ਘਾਟ ਨਹੀਂ ਸੀ। ਗੁਰੂ ਘਰ ਵਿੱਚ ਸਿਰਫ ਬਦਲਾ ਭਾਵਣਾਂ ਦੀ ਹੀ ਅਣਹੋਂਦ ਦਿਸਦੀ ਹੈ ਉਂਜ ਲੁਕ ਛੁਪ ਕੇ **ਗੱਡੀ ਚਾੜ੍ਹਨ** ਵਾਲੇ ਭਾਈ ਬਿਧੀ ਚੰਦ ਵਰਗੇ ਸੂਝਵਾਨ ਬਹਾਦਰ ਸੈਂਕੜੇ ਸਨ।

**(ਸ)** ਸਤਿਗੁਰੂ ਨਾਨਕ ਜੀ ਦੇ ਜਿਸ ਦਸਵੇਂ ਸਰੂਪ ਦੇ ਪਾਵਨ ਨਾਮ ਦੇ ਨਾਲ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ (ਵੇਖੋ ਉਨ੍ਹਾਂ ਦੀ ਲਿਖੀ ਗੁਰਮਤਿ ਰਹਿਤ ਪਰਯਾਦਾ ਸਫ਼ਾ ੨੧੧) ਜਾਂ ਅਜੇਹੇ ਹੋਰ ਮਨਮੁਖ ਧਰਮ-ਉਪਦੇਸ਼ਕਾਂ ਨੇ ਬਦਲਾ ਲਊ ਭਾਵਣ ਵਾਲਾ ਅਨਰਥ ਜੋੜਿਆ ਹੈ, ਕਿ ਉਨ੍ਹਾਂ ਨੇ ਲੋਕਾਂ ਕੋਲੋਂ ਬਦਲੇ ਲੈਣ ਲਈ ਬੰਦਾ ਸਿੰਘ ਬਹਾਦੁਰ (ਗੁਰਬਖ਼ਸ਼ ਸਿੰਘ ਜੀ) ਨੂੰ ਪੰਜਾਬ ਭੇਜਿਆ ਸੀ, ਨਿਰਵੈਰ ਅਤੇ ਸਭਨਾਂ ਦੇ ਸਾਂਝੇ ਉਸੇ ਦਸ਼ਮੇਸ਼ ਜੀ ਨੇ ਵੈਰੀ ਦੱਲ ਨੂੰ ਪਿਲਾਉਂਣ ਵਾਲੇ ਪਾਣੀ ਵਿੱਚ ਘੋਲਣ ਲਈ ਜ਼ਹਿਰ ਦੀ ਪੁੜੀ ਨਹੀਂ ਸੀ ਦਿੱਤੀ, ਸਗੋਂ ਘਾਇਲ ਵੈਰੀਆਂ ਨੂੰ ਠੰਡਾ ਜਲ ਪਿਆਉਣ ਦੇ ਨਾਲ ਉਨ੍ਹਾਂ ਦੇ ਫ਼ੱਟਾਂ ਤੇ ਲਾਉਣ ਲਈ ਬਹੁਮੁੱਲੀ ਮਲ੍ਹਮ ਦੀ ਬਖਸ਼ਸ਼ ਕਰ ਕੇ, ਘਨੱਈਏ ਤੋ **ਭਾਈ ਘਨਈਆ ਜੀ** ਦੀ ਪਦਵੀ ਬਖ਼ਸ਼ਸ਼ ਕੀਤੀ ਸੀ। ਜਿਸ ਔਰੰਗਜ਼ੇਬ ਦੀ ਹਕੂਮਤ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ, ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ, ਅਤੇ ਹੋਰ ਬੇਅੰਤ ਜ਼ੁਲਮ ਕੀਤੇ ਉਸੇ ਔਰੰਗਜ਼ੇਬ ਦੇ ਲੜਕੇ ਬਹਾਦਰਸ਼ਾਹ ਕੋਲੋਂ ਬਦਲਾ ਲੈਣ ਦੀ ਥਾਂ ਉਸ ਨੂੰ ਦਿੱਲੀ ਦੇ ਤਖਤ ਦਾ ਆਪ ਮਾਲਕ ਬਣਾਇਆ। ਪਹਾੜੀ ਰਾਜਿਆਂ ਨੇ ਕਈ ਵਾਰ ਵਿਸ਼ਵਾਸ਼-ਘਾਤ ਕਰਕੇ ਗੁਰੂ ਘਰ ਨਾਲ ਵੈਰ ਕਮਾਇਆ ਪਰ ਸਤਿਗੁਰਾਂ ਨੇ ਇੱਕ ਵਾਰ ਵੀ ਉਨ੍ਹਾਂ ਤੇ ਹਮਲਾ ਕਰਨ ਦੀ ਪਹਿਲ ਨਹੀਂ ਕੀਤੀ। ਉਨ੍ਹਾਂ ਵਿਰੁੱਧ ਕਦੇ ਕੋਈ ਮੰਦਾ ਸ਼ਬਦ ਤੱਕ ਨਹੀਂ ਕਿਹਾ। ਸੈਦ ਖਾਨ ਸਤਿਗੁਰਾਂ ਨੂੰ ਫੜਨ ਲਈ ਆਇਆ। ਅੰਦਰੋਂ ਵੈਰ ਭਾਵਣਾ ਮੁੱਕਦਿਆਂ ਹੀ ਸਤਿਗੁਰਾਂ ਨੇ ਉਸ ਨੂੰ ਛਾਤੀ ਨਾਲ ਲਾ ਲਿਆ ਅਤੇ ਨਾਮ-ਧੰਨ ਦੀ ਬਖ਼ਸ਼ਸ਼ ਨਾਲ ਮਾਲਾ ਮਾਲ ਕਰ ਦਿੱਤਾ। ਇਤਿਹਾਸ ਦਾ ਇਹ ਜ਼ਿਕਰ ਵੀ ਆਪ ਜੀ ਨੂੰ ਯਾਦ ਹੈ ਕਿ, ਭਖਦੇ ਜੰਗ ਵਿਚ ਸਤਿਗੁਰਾਂ ਦੇ ਪਿਆਰੇ ਸਿੰਘ ਜੂਝ ਕੇ ਸ਼ਹੀਦੀਆਂ ਪਾ ਰਹੇ ਸਨ, ਕਿ ਸਤਿਗੁਰਾਂ ਨੇ ਵੈਰੀ ਦਲ ਦੇ ਦੋ ਜਰਨੈਲ, ਆਪਣੇ ਵਲੋਂ ਗੋਲੀ ਤੀਰ ਦੀ ਮਾਰ ਤੋਂ ਦੂਰ ਬੈਠੇ ਚੌਪੜ ਖੇਡਦੇ ਵੇਖ ਲਏ। ਸਤਿਗੁਰਾਂ ਨੇ ਤੀਰ ਛੱਡਿਆ ਜੋ ਉਨ੍ਹਾਂ ਦੇ ਮੰਜੇ ਦੇ ਪਾਵੇ ਵਿਚ ਜਾ ਖੁਭਿਆ। ਜਰਨੈਲਾਂ ਪੁਕਾਰ ਉਠੇ ਕਿ ਏਡੀ ਦੂਰ ਤੀਰ ਦਾ ਪਾਵੇ ਵਿਚ ਆ ਖੁੱਭਣਾ, ਕਰਾਮਾਤ ਹੈ। ਇੱਕ ਹੋਰ ਸ਼ੂਕਦਾ ਤੀਰ ਦੂਜੇ ਪਾਵੇ ਵਿਚ ਆ ਵੱਜਾ। ਨਾਲ ਰੁੱਕਾ ਸੀ ---" ਈਂ ਕਰਾਮਾਤ ਨੇਸਤ, ਕਮਾਲ ਅਸਤ "। ਦਸ਼ਮੇਸ਼ ਜੀ ਦਾ ਤੀਰ ਵੈਰੀ ਫੌਜ ਦੇ ਜਰਨੈਲਾਂ ਦੀ ਛਾਤੀ ਵੀ ਚੀਰ ਸਕਦਾ ਸੀ। ਪਰ ਸਤਿਗੁਰੂ ਨਾਨਕ ਜੀ ਦੇ ਘਰ ਵਿਚ ਕਿਸੇ ਮਨੁੱਖ ਦੀ **ਧੰਙਾਣੇ ਜਾਨ ਲੈ ਲੈਣੀ, ਰੱਬ ਤੋਂ ਟੁੱਟੇ ਗੀਦੀਆਂ ਦਾ ਕੰਮ ਮੰਨਿਆਂ ਜਾਂਦਾ ਸੀ।** ਦੋ ਪਿਆਰੇ ਸਾਹਿਬਜ਼ਾਦੇ ਅਖੀਆਂ ਦੇ ਸਾਹਮਣੇ ਸ਼ਹੀਦ ਹੋ ਗਏ। ਨੂਰੇ ਮਾਹੀ ਨੇ ਦੱਸਿਆ ਕਿ ਦੋ ਜਿਗਰ ਦੇ ਟੁਕੜੇ, ਮਾਸੂਮ ਸਾਹਿਬਜ਼ਾਦੇ, ਨੀਹਾਂ ਵਿਚ ਚਿਣ ਕੇ ਬੇਦਰਦੀ ਨਾਲ ਸ਼ਹੀਦ ਕਰ ਦਿੱਤੇ ਗਏ ਹਨ। ਵਜ਼ੀਰ ਖ਼ਾਨ, ਸੁੱਚਾ ਨੰਦ, ਗੰਗੂ ਆਦਿ ਕਿਸੇ ਨੂੰ ਕੋਈ ਬਦ ਅਸੀਸ ਤੱਕ ਨਹੀਂ ਦਿੱਤੀ। ਜ਼ਾਲਮ ਅਤੇ ਬੇਅਸੂਲੀ ਸਰਕਾਰ ਆਪਣੇ ਪਾਪਾਂ ਦੇ ਭਾਰ ਹੈਠ ਆਉਂਦੀ ਆਪਣੇ ਖ਼ਾਤਮੇ ਵੱਲ ਜਾ ਰਹੀ ਸੀ। ਗੁਰੂ ਨਾਨਕ ਜੀ ਦੇ ਘਰ ਦੀ ਲੜਾਈ ਕਿਸੇ **ਜ਼ਾਲਮ** ਵਿਰੁੱਧ ਨਹੀਂ, ਸਗੋਂ **ਜ਼ੁਲਮ** ਵਿਰੁੱਧ ਹੈ। ਕੱਲ੍ਹ ਦੇ ਜ਼ਾਲਮਾਂ ਨੂੰ ਅੱਜ ਸਤਿਗੁਰੂ ਜੀ ਆਪਣੇ ਹਿਰਦੇ ਨਾਲ ਲਾਉਂਦੇ ਦਿੱਸ ਆ ਰਹੇ ਹਨ ? ਉਂਜ ਤਖ਼ਤ ਤੇ ਬੈਠਿਆਂ ਜਰਵਾਣਿਆਂ ਨੂੰ ਭਰੇ ਦਰਬਾਰ ਵਿਚ ਹੀ ਜਮ-ਲੋਕ ਭੇਜਣ ਵਾਲੇ (ਭਾਈ ਜੀਵਨ ਸਿੰਘ ਜੀ, ਭਾਈ ਬਚਿਤ੍ਰ ਸਿੰਘ ਜੀ ਵਰਗੇ) ਸਿਰਲੱਥ ਸੂਰਮਿਆਂ ਦੀ ਸਤਿਗੁਰਾਂ ਕੋਲ ਘਾਟ ਨਹੀਂ ਸੀ। ਅਸਲੀਯਤ ਏਹੀ ਹੈ ਕਿ ਗੁਰੂ ਘਰ ਦਾ ਵੈਰ **ਬਦੀ** ਨਾਲ ਹੈ **ਬਦ** ਨਾਲ ਨਹੀਂ ਹੈ।

**(ਹ)** ਸਤਿਗੁਰਾਂ ਨੇ ਮਨੁਖਾ ਦੇਹ ਨੂੰ ਹਰੀ ਦਾ ਮੰਦਰ ਫ਼ੁਰਮਾਨ ਕੀਤਾ ਹੈ--**ਹਰਿ ਕਾ ਮੰਦਰ ਆਖੀਐ ਕਾਇਆ ਕੋਟੁ ਗੜੁ ॥** [੯੫੨]--**ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥** [੯੫੩]--**ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥** [੮੦੧]-ਕੀ ਪਤਾ ਕਦੋਂ ਪ੍ਰਭੂ ਨੇ ਪ੍ਰਗਟ ਹੋ ਕੇ ਖ਼ੂਨ ਪੀਣੇ ਜ਼ਾਲਮ ਨੂੰ ਨਿਤਾਣਿਆਂ ਦਾ ਸੱਜਣ ਬਣਾ ਦੇਣਾ ਹੈ, ਠੱਗ ਨੂੰ ਮਨੁੱਖਤਾ ਦਾ ਸੱਜਣ ਬਣਾ ਦੇਣਾ ਹੈ। ਦਸ਼ਮੇਸ਼ ਜੀ ਦੇ ਤੀਰ ਨਾਲ ਕੇਵਲ ਉਨ੍ਹਾਂ ਹੀ ਆਤਮਕ ਮੁਰਦਿਆਂ ਨੇ ਜਾਨ ਗੁਆਈ ਜਿਹੜੇ ਸਤਿਗੁਰਾਂ ਤੇ ਮਾਰੂ ਵਾਰ ਕਰਨੋ ਹੋਰ ਤਰ੍ਹਾਂ ਰੁਕਦੇ ਨਹੀਂ ਸਨ। ਆਪਣੇ ਸਤਿਗੁਰਾਂ ਦੇ ਉਪਦੇਸ਼ ਦੇ ਕਿਸੇ ਵੀ ਪੱਖ ਦੀ ਪਰਵਾਹ ਨਾ ਕਰਦਿਆਂ ਹੋਇਆਂ ਮਨੁੱਖਾ ਦੇਹ, ਭਾਵ, ਹਰੀ ਦੇ ਮੰਦਰ ਢਾਉਣ ਲੱਗੇ ਜ਼ਰਾ ਢਿੱਲ ਨਾ ਲਾਉਂਦੇ ਹੋਈਏ, ਤਾਂ ਕੀ ਗੁਰੂ-ਪਰਮੇਸ਼ਰ ਜੀ ਅਜੇਹੇ ਆਪ-ਹੁਦਰਿਆਂ ਨੂੰ, ਸਾਨੂੰ ਤੇਜ ਪਰਤਾਪ ਕਦੇ ਬਖ਼ਸ਼ ਦੇਣਗੇ

ਜੀ ? ਜੇ ਗੁਰੂ ਪਰਮੇਸ਼ਰ ਜੀ ਵੀ ਵੈਰ ਭਾਵਣਾ ਵਾਲੇ ਹੁੰਦੇ ਤਾਂ ਜਿੰਨੇ ਅਸਾਂ ਹਰਿਮੰਦਰ ਤਬਾਹ (ਮਨੱਖੀ ਕਤਲ) ਕੀਤੇ ਹਨ, ਤੇਜ ਪ੍ਰਤਾਪ ਤਾਂ ਕਿਤੇ ਰਿਹਾ ਸਾਥੋਂ ਸਾਡੇ ਆਪਣੇ ਘਰ ਵੀ ਖੁੱਸ ਗਏ ਹੁੰਦੇ। ਉਂਜ ਆਪਣੇ ਆਪੇ ਵਾਲ ਝਾਤ ਮਾਰੀਏ ਤਾਂ ਕੀ ਸਾਡੀ ਹਾਲਤ ਦਿਨੋਂ ਦਿਨ ਮਾਂਦੀ ਨਹੀਂ ਹੁੰਦੀ ਜਾ ਰਹੀ ਜੀ ? ਪਰ ਜੇ ਅਸੀਂ ਆਪਣੇ ਅੰਦਰ ਝਾਤੀ ਨਹੀਂ ਮਾਰ ਰਹੇ ਅਤੇ ਸਾਰਾ ਦੋਸ਼ ਦੂਜਿਆਂ ਤੇ ਹੀ ਸੁਟੀ ਜਾ ਰਹੇ ਹਾਂ ਤਾਂ ਸਪੱਸ਼ਟ ਹੈ ਕਿ ਭਾਣਾ ਉਹੀ ਵਰਤਿਆ ਹੋਇਆ ਹੈ--**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥** [੪੧੭] ਆਪਾ ਖੋਜਣ ਵਾਲੀ ਚੰਗਿਆਈ ਸਾਥੋਂ ਅਕਾਲ ਪੁਰਖ ਨੇ ਖੋਹ ਲਈ ਹੋਈ ਹੈ--**ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥** [੬੯੫]--**ਸੋ ਪਤਿਵੰਤਾ ਜਿ ਆਪੁ ਪਛਾਨੀ ॥**[੧੧੫੦] ਅਸੀਂ ਸਦਾ ਦੂਜਿਆਂ ਦੇ ਸਿਰ ਹੀ ਸਾਰੇ ਦੋਸ਼ ਮੜ੍ਹੀ ਜਾ ਰਹੇ ਹਾਂ। ਅਸੀਂ ਕਦੇ ਆਪਾ ਨਹੀਂ ਪੜਤਾਲਦੇ ਕਿ, ਸਾਡੇ ਵਿਚੋਂ ਹੀ ਨਿਕਲ ਨਿਕਲ ਕੇ ਇਹ ਸਾਧ-ਡੇਰੇ ਅਤੇ ਦੇਹ ਧਾਰੀ ਗੁਰੂਆਂ ਦੀਆਂ ਗੱਦੀਆਂ, ਅਥਵਾ, ਰਾਮਗੜ੍ਹੀਆਂ, ਰਮਦਾਸੀਆਂ, ਅਥਵਾ ਮਜ਼ਹਬੀਆਂ ਆਦਿ ਦੇ ਅੱਡਰੇ ਗੁਰਦੁਆਰੇ ਕਿਸ ਕਾਰਨ ਬਣਦੇ ਜਾ ਰਹੇ ਹਨ? ਕੀ ਕਾਰਨ ਹੈ ਕਿ ਤੇਜ ਪ੍ਰਤਾਪ ਦੂਰ ਤੋਂ ਦੂਰ ਹੁੰਦੇ ਜਾ ਰਹੇ ਨੂੰ, ਸਦਾ ਨੇੜੇ ਆ ਚੁੱਕਾ ਹੀ ਮੰਨ ਰਹੇ ਹਾਂ ? ਸਤਿਗੁਰਾਂ ਦਾ ਬਚਨ ਸੀ ਕਿ ਜਿੰਨਾ ਚਿਰ ਖ਼ਾਲਸਾ ਨਿਆਰਾ ਰਹੇਗਾ ਉਨਾਂ ਚਿਰ ਸਾਰੇ ਦਾ ਸਾਰਾ ਤੇਜ ਪ੍ਰਤਾਪ ਖ਼ਾਲਸੇ ਕੋਲ ਰਹੇਗਾ (**ਜਬ ਲਗ ਖ਼ਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਆ ਮੈਂ ਸਾਰਾ** ) ਕੀ ੧੯੮੪ ਵਿਚ ਤੇਜ ਪ੍ਰਤਾਪ ਦੇ ਖੁੱਸ ਜਾਣ ਦਾ ਸਾਫ ਅਰਥ ਸੀ ਕਿ ਅਸੀਂ ਆਪਣਾ ਨਿਆਰਾ ਸਿਧਾਂਤ, ਨਿਆਰਾ ਆਚਰਨ, ਨਿਆਰੀ ਮਰਯਾਦਾ ਸਭ ਕੁਝ ਗੁਆਈ ਜਾ ਰਹੇ ਹਾਂ ? ਕੀ ਅਸਾਂ ਆਪਣੀਆਂ ਕਮੀਆਂ ਦੀ ਘੋਖ ਕਰਕੇ ਆਪਣੇ ਵਿਚ ਸੁਧਾਰ ਲੈ ਆਉਣ ਦੀ ਗੱਲ ਕਦੇ ਸੋਚੀ ? ਕੀ, ਅਸੀਂ ਆਪਣੇ ਜਥੇਦਾਰ ਸਾਹਿਬਾਨ ਸਮੇਤ ਪੂਰੀ ਤਰ੍ਹਾਂ ਸੁਆਰਥੀ ਨਹੀਂ ਬਣ ਚੁੱਕੇ ? ਕੀ, ਕਦੇ ਵਿਚਾਰ ਕੀਤੀ ਹੈ ਕਿ ਕਿਤੇ ਅਸੀਂ ਬਿੱਪ੍ਰਨ ਕੀ ਰੀਤ ਨਾਲ ਜੁੜ ਕੇ ਆਪਣੇ ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇਪ੍ਰਤੀਤੇ ਵੀ ਤਾਂ ਨਹੀਂ ਬਣ ਚੁੱਕੇ ?--**ਜਬ ਇਹ ਗਹੇ ਬਿੱਪਰਨ ਕੀ ਰੀਤ ਮੈਂ ਨ ਕਰੂੰ ਇਨ ਕੀ ਪ੍ਰਤੀਤ** । ' ਸਾਡਾ ਗੁਰੂ, ਸਾਡਾ ਗੁਰੂ ' ਦੇ ਫੋਕੇ ਦਮਗਜੇ ਮਾਰੀ ਜਾਣ ਵਾਲਿਆ ਅਸਾਂ ਇਹ ਚਿੰਤਾ ਵੀ ਕਦੇ ਨਹੀਂ ਕੀਤੀ, ਕਿ ਜੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣ ਕੇ ਬੇਪਰਤੀਤੇ ਹੋ ਗਏ ਹਾਂ ਤਾਂ----**ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਲ ਬਿਸ੍ਰਾਸ ਨ ਹੋਵੈ ॥** ਵਾਲਾ ਭਣਾ ਨਾ ਵਰਤ ਚੁੱਕਾ ਹੋਵੇ ? **ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ**-- ਪੜ੍ਹੀ ਜਾਣ ਵਾਲੇ ਸਾਰੇ ਪੰਥ ਦੀ ਮਿਲਵੀਂ ਅਰਦਾਸ ਵੀ ਅੱਜ ਕੋਈ ਨਹੀਂ ਸੁਣੀ ਜਾ ਰਹੀ। ਕਾਰਨ ? ਮੂਰਖਾਂ ਦੇ ਸੁਰਗ ਵਿਚ ਵੜੇ ਹੰਕਾਰ ਗ੍ਰਸੇ ਬੇਪ੍ਰਤੀਤੇ ਦਾ ਸਹਾਈ ਕੋਣ ਬਣੇ ?

**੩**--ਨਿਰਵੈਰਤਾ**--**

੧-- **ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥ ੧ ॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥**[੧੨੯੯]-੮

੨-- **ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥**[੨੫੯]-ਬਾਵਨ--੪੬

੩- **ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥ ੨ ॥**[੩੯੫]-੪-੬੪

੪- **ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥**
**ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥**[੬੭੧]-੩

੫- **ਸਾਧ ਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥ ....੩ ॥**[੨੭੧]-ਅਸਟ-੭

## ਖਿਮਾ--

ਵੈਰ ਵਿਰੋਧ ਅਤੇ ਬਦਲੇ ਦੀ ਭਾਵਣਾ ਨਾਲ ਹਰ ਸਮੇਂ ਸੜਦੇ ਭੁੱਜਦੇ ਦੇਵੀ ਦੇਵਤਿਆਂ ਦੇ ਪੁਜਾਰੀ, ਬ੍ਰਾਹਮਣ ਦੀ ਲਿਖੀ " ਮਹਾਂ ਭਾਰਤ ਗਾਥਾ " ਦੇ ਪਾਤਰ, ਯੁਧਿਸ਼ਟਰ ਦੇ ਮੂੰਹੋਂ ਅਖਵਾਈ ਇਹ ਗੱਲ ਬਾਰ ਬਾਰ ਅੰਕੁਤ ਹੈ--ਖਿਮਾ ਸਭ ਤੋਂ ਸ੍ਰਸ਼ਟ ਧਰਮ ਹੈ, ਖਿਮਾ ਹੀ ਸਭ ਤੋਂ ਵਡੀ ਸੂਰਮਤਾਈ ਹੈ, ਖਿਮਾ ਹੀ ਸਭ ਤੋਂ ਚੰਗਾ ਸ਼ਸਤਰ ਹੈ, ਅਥਵਾ ਖਿਮਾ ਹੀ ਆਤਮਕ ਸੁਖ ਦਾ ਸਾਧਨ ਹੈ " ਆਦਿ ' ਨਿਰੰਦੇਹ ਖਿਮਾ ਦਾ ਇਹ ਗੁਣ ਬ੍ਰਾਹਮਣ ਨੇ ਸ੍ਰੀ ਗੁਰੂ ਨਾਨਕ ਨਿੰਰਕਾਰੀ ਜੀ ਦੇ ਗਿਆਨ ਤੋਂ ਚੁਰਾਇਆ ਹੋਵੇਗਾ ਕਿਉਂਕਿ ਜੋ ਕੁਝ ਖਿਮਾ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਹ ਸੰਸਾਰ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਹੈ। **ਖਿਮਾ**--ਗੁਰੂ ਨਾਨਕ ਜੀ ਦੇ ਸੰਤ ਸੂਰਮੇ ਸਿੰਘਾਂ ਦਾ ਗਹਿਣਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਜੀ, ਨਵਾਬ ਮਜ਼ਫ਼ਰ ਖਾਨ ਮੁਲਤਾਨ ਨੂੰ, ਸ਼ਾਹੀ ਖ਼ਜ਼ਾਨੇ ਦੀਂ ਬੇਅੰਤ ਮਾਇਆ ਦੇ, ਅਤੇ ਆਪਣੇ ਪਿਆਰੇ ਫ਼ੌਜੀਆਂ ਦੀਆਂ ਕਈ ਸ਼ਹੀਦੀ ਦੇ ਮੁੱਲ ਤੇ ਜਿੱਤਦੇ ਰਹੇ ਸਨ। ਫਿਰ ਵੀ ਨਿੱਤ ਨਵੀਆਂ ਵਧੀਕੀਆਂ ਕਰੀ ਰੱਖਣ ਵਾਲੇ ਨਵਾਬ ਨੂੰ ਇੱਕ ਦੋ ਵਾਰੀ ਨਹੀਂ ਸਗੋਂ ਛੇ ਵਾਰੀ ਖਿਮਾ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਰਧਾਨ ਅਥਵਾ ਜਥੇਦਾਰ, ਉਸ ਨੂੰ ਮੰਨਿਆਂ ਹੈ ਜਿਸ ਵਿਚ ਖਿਮਾ ਸਮੇਤ ਇਹ ਗੁਣ ਹਨ:--

੧-- **ਸਚ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥**
**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥**[੧੨੪੫]

੨- **ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥**[੧੩੭੨]
ਭਵ, ਜਿਸ ਹਿਰਦੇ ਵਿਚ ਖਿਮਾ ਨਹੀਂ ਹੈ, ਉਥੇ ਪ੍ਰਭੂ ਦੀ ਸੱਚੀ ਯਾਦ ਹੋਣ ਦੀ ਗੱਲ ਪਖੰਡ ਹੈ, ਝੂਠ ਹੈ, ਖਿਮਾ ਬਿਹੂਣਾ ਹਿਰਦਾ ਨਾਮ ਤੋਂ ਸੱਖਣਾ ਹੁੰਦਾ ਹੈ।

੩- **ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥ ੧ ॥**[੨੨੩]-੭

੪- **ਮਨੁ ਮੋਤੀ ਜੇ ਗਹਿਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥**[੩੫੯]-੧-੩੫

੫- **ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥**
**ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥**[੩੫੯]-੩-੩੭

੬- **ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥.... ੧੯ ॥**[੯੩੨]

੭- **ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥**
**ਖਸਮੁ ਪਛਾਣੇ ਆਪਣਾ ਖੂਲੈ ਬੰਧੁ ਨ ਪਾਇ ॥ ਸਬਦਿ ਮਹਲੀ ਖਰਾ ਤੂ, ਖਿਮਾ ਸਚੁ ਸੁਖ ਭਾਇ ॥...੪੯ ॥**[੯੩੭]ਓ

੮- **ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥**
**ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥ ੮ ॥**[੧੦੩੦]-੪-੧੦

੯- **ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥**
**ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥ ੪ ॥** [੧੩੨੯]-੭

੧੦- **-ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥**[ ੭੮੬}

ਬਦਲਾ ਲਊ ਭਾਵਨਾ ਵਾਲਾ ਹੋਣ ਦਾ ਇਕਰਾਰ ਸਤਿਗਰਾਂ ਦੇ ਦਰਬਾਰ ਵਿਚ ਹੀ ਕਰ ਰਹੇ ਅਜੋਕੇ ਖਾਲਸਾ ਜੀ ਨਾਲੋਂ ਕੈਨੇਡਾ ਸਰਕਾਰ ਹਜ਼ਾਰ ਗੁਣਾ ਚੰਗੀ ਹੈ ਜੋ ਕਈ ਕਤਲਾਂ ਦੇ ਦੋਸ਼ੀ ਨੂੰ ਵੀ ਫਾਂਸੀ ਲਾ ਕੇ ਜਾਨੋਂ ਨਹੀਂ ਮਾਰਦੀ । ਕੀ ਪਤਾ ਜੇਲ੍ਹ ਵਿਚ ਹੀ ਬੈਠੇ ਕਿਸੇ ਸਰੀਰ ਮੰਦਰ ਵਿਚ ਵਹਿਗੁਰੂ ਪ੍ਰਗਟ ਹੋ ਜਾਵੇਂ ਅਤੇ ਕੱਲ੍ਹ ਦਾ ਕਾਤਲ ਅੱਜ ਦਾ ਵੱਡਾ ਦੇਸ਼-ਭਗਤ ਅਤੇ ਜੀਵਾਂ ਦਾ ਸੇਵਕ ਬਣ ਜਵੇ?

ਬ੍ਰਹਮ ਗਿਆਨੀ ਅਥਵਾ ਹਰੀ ਦੇ ਦਾਸ ਪ੍ਰਤੀ ਸਤਿਗੁਰਾਂ ਦੇ ਫ਼ੁਰਮਾਨ.....

੧- **ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥... ੩ ॥**[੧੧੫੨]

੨-- **ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥**[੧੨੧੯]

੩- **ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮॥** (੧੩੮੨)

ਕਿੱਡੇ ਦੁੱਖ ਅਤੇ ਹੈਰਾਨੀ ਵਾਲੀ ਸਥਿਤੀ ਹੈ ਕਿ ਜਿਸ ਬ੍ਰਾਹਮਣ ਦੇ ਸਾਰੇ ਦੇ ਸਾਰੇ, ਇਸ਼ਟ ਵੈਰ ਵਿਰੋਧ ਅਤੇ ਬਦਲੇ ਦੀ ਅੱਗ ਵਿਚ ਹਰ ਸਮੇਂ ਸੜੇ ਭੁੱਜੇ ਨਜ਼ਰ ਆਉਂਦੇ ਹਨ, ਉਸ ਬ੍ਰਾਹਮਣ ਦੀ ਲਿਖੀ ਗਾਥਾ ਵਿਚ ਤਾਂ ਖਿਮਾ ਬਾਰੇ ਬੜਾ ਲੰਮਾ ਉਪਦੇਸ਼ ਹੋਵੇ ਅਤੇ ਜਿਸ ਗੁਰਦੇਵ ਜੀ ਦਾ ਉਪਦੇਸ਼ ਅਜੇਹੀ ਵੈਰ ਭਾਵਣਾ ਨੂੰ ਜੜ੍ਹਾਂ ਤੋਂ ਮੁਕਾ ਰਿਹਾ ਹੈ ਉਸ ਸੱਚੇ ਅਤੇ ਮਹਾਨ ਗੁਰੂ ਦੇ ਪੰਥ ਵਿਚ ਬਦਲਾ ਲਊ ਵੈਰ ਭਾਵਣਾ?--**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥** [੮੩੬] ਧੁਰ ਕੀ ਬਾਣੀ ਦੇ ਹੁਕਮਾ ਤੋਂ ਉਲਟਾ ਵਿਓਹਾਰ ਕਰਨ ਵਾਲਿਆਂ ਦਾ ਸਾਡਾ ਇਹ--ਪੰਜ ਕਕਾਰਾਂ ਵਾਲਾ ਸਿੰਗਾਰ ਕੀ ਕਿਤੇ ਫੋਕਟ ਹੀ ਤਾਂ ਨਹੀਂ ਹੋ ਚੁੱਕਾ ਜੀ ? ਪ੍ਰਭੂ ਨਾਲ ਅਥਵਾ ਸਤਿਗੁਰਾਂ ਨਾਲ ਨੇੜਤਾ ਬਣੀ ਰਹਿਣ ਦੇ ਥਾਂ, ਕੀ ਸਾਡੇ ਮੂੰਹ ਵਿਚ ਵੀ ਕਿਤੇ ਥੁੱਕ ਹੀ ਤਾਂ ਨਹੀਂ ਪੈ ਰਿਹਾ ? ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤਾਂ ਕਰਨ ਵਾਲਿਆਂ ਦਾ ਸਾਡਾ ਗਉਣਾ ਅਤੇ ਸੁਣਨਾ ਵੀ ਕੀ ਵਿਅਰਥ ਨਹੀਂ ਜੀ ? ---**ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥** [੬੬੯]-੪-੧੦

ਗੁਰਬਾਣੀ-ਸ਼ਬਦ ਵਿਚਾਰ ਤੋਂ ਅਤੇ ਗੁਰੂ ਇਤਿਹਾਸ ਤੋਂ ਸਪੱਸ਼ਟ ਹੈ ਕਿ ਬਦਲੇ ਦੀ ਭਾਵਨਾਂ, ਅਥਵਾ ਬਦਲਾ ਲੈਣ ਦਾ ਸਾੜ੍ਹਾ, ਹੋਛੇ ਮਨੁੱਖ ਦੀ ਸੰਪਤੀ ਹੈ । ਬਹਾਦਰ ਮਨੁੱਖ ਤਾਂ ਖਿਮਾ ਨੂੰ ਹੀ ਆਪਣਾ ਗਹਿਣਾ ਬਣਾਉਂਦੇ ਹਨ । ਕਿਸੇ ਨੂੰ ਖਿਮਾ ਕਰ ਦੇਣ ਵਿੱਚ ਸੂਰਮਾ ਆਪਣੀ ਜਿੱਤ ਸਮਝਦਾ ਹੈ । ਧੀਰਜਵਾਨ ਅਤੇ ਮਿੱਠੇ ਸੁਭਾ ਵਾਲਾ ਆਦਮੀ ਕਦੇ ਵੀ ਲੜਾਈ ਨਹੀਂ ਸਹੇੜਦਾ । ਗੁਰੂ ਮਹਾਰਾਜ ਜੀ ਅਤੇ ਉਨ੍ਹਾਂ ਦੇ ਸਿੰਘ-ਸੂਰਮੇ, ਚੜ੍ਹ ਆਏ ਜਾਨੀ ਵੈਰੀ ਤੇ ਵੀ ਵਾਰ ਕਰਨ ਦੀ ਪਹਿਲ ਕਦੇ ਨਹੀਂ ਸਨ ਕਰਦੇ, ਪਹਿਲ ਕਰਨ ਦਾ ਮੌਕਾ ਵੈਰੀ ਨੂੰ ਹੀ ਦਿਆ ਕਰਦੇ ਸਨ। ਗੁਰੂ ਘਰ ਬਾਰੇ ਵੈਰ ਵਾਲੀ ਅਥਵਾ ਬਦਲੇ ਵਾਲੀ ਵਿਚਾਰ ਬਣਾ ਲੈਣੀ, ਗੁਰਮੁਖਤਾਈ ਨਹੀਂ ਹੋ ਸਕਦੀ---**ਗੁਰਮੁਖਿ ਵੈਰ ਵਿਰੋਧ ਗਵਾਵੈ ॥** [੯੪੨] । ਗੁਰ ਦਾ ਸੱਚਾ ਸਿੱਖ ਕਦੇ, ਭੁੱਲ ਕੇ ਵੀ ਅਜੇਹਾ ਕਰਮ ਨਹੀਂ ਕਰਦਾ ਜਿਸ ਤੋਂ ਕਿਸੇ ਪ੍ਰਾਣੀ ਦਾ ਹਿਰਦਾ ਦੁਖੀ ਹੋਣ ਦੀ ਸੰਭਾਵਣਾ ਹੋਵੇ--**ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥ ੧੩੦ ॥** [੧੩੮੪]

**੪-** ਅਕਾਲ ਉਸਤਤ ਦੇ ੭੪ਵੇਂ ਕਬਿਤ ਵਿਚ ਦਸ਼ਮੇਸ਼ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ-- **ਕੰਸ ਕੋ ਬਧੱਯਾ, ਜਮਦੂਤ ਕਹੀਅਤੁ ਹੈ ॥** ਭਾਵ, ਕੰਸ ਨੂੰ ਮਾਰਨ ਕਰਕੇ ਜੇ ਕ੍ਰਿਸ਼ਨ ਦੀ ਸੋਭਾ ਕੀਤੀ ਜਾ ਰਹੀ ਹੈ ਤਾਂ ਕਿਸੇ ਦੀ ਜਾਨ ਲੈਣ ਵਾਲੇ ਨੂੰ ਤਾਂ ਲੋਕ ਜਮਦੂਤ ਕਹਿੰਦੇ ਹਨ । ਪੁਰਾਣਾ ਦੀ ਗਾਥਾ ਅਨੁਸਾਰ ਕੰਸ ਬੜਾ ਵਡਾ ਪਾਪੀ ਸੀ । ਉਸ ਦੇ ਜ਼ਿੰਮੇ ਬੇਅੰਤ ਮਾਸੂਮਾਂ ਦੇ ਕਤਲ ਦਾ ਦੋਸ਼ ਸੀ । ਅਤੇ ਫਿਰ ਉਹ ਲਗਾਤਾਰ ਜ਼ੁਲਮ ਤੇ ਜ਼ੁਲਮ ਕਰੀ ਜਾ ਰਿਹਾ ਸੀ । ਗਾਥਾ ਅਨੁਸਾਰ, ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਲੁਕ ਛਿਪ ਕੇ ਚੋਰੀ ਅਤੇ ਵਿਸ਼ਵਾਸ਼-ਘਾਤ ਕਰਕੇ ਨਹੀਂ ਸੀ ਮਾਰਿਆ । ਭਰੇ ਮੇਲੇ ਵਿਚ ਲਲਕਾਰ ਕੇ ਮਾਰਿਆ ਸੀ । ਫਿਰ ਵੀ ਸਹਿਬਾਂ ਨੇ, ਕੰਸ ਦੇ ਮਾਰਨ ਵਾਲੇ ਕ੍ਰਿਸ਼ਨ ਦੀ ਸਿਫਤ ਕਰਨ ਦੇ ਥਾਂ ਉਸ ਨੂੰ " **ਜਮਦੂਤ** " ਫ਼ੁਰਮਾਨ ਕੀਤਾ ਹੈ ।

ਖ਼ਾਲਿਸਤਾਨ ਦੀ ਪ੍ਰਾਪਤੀ ਵਾਲੇ ਪਿਛਲੇ ਸੰਘਰਸ਼ ਵਿਚ ਗੁਰੂ ਕੇ ਲਾਲਾਂ ਦੇ ਹੱਥੋਂ ਜਿੰਨਿਆਂ ਦੀ ਜਾਨ ਗਈ, ਉਨ੍ਹਾਂ ਵਿਚ ਸੂਰਮਿਆਂ ਵਾਂਗ

ਲੜਾਈ ਦੇ ਮੈਦਾਨ ਵਿਚ ਮਰੇ ਵਿਰੋਧੀ ਬੜੇ ਘੱਟ ਹਨ, ਬਹੁਤੀ ਵਾਰੀ ਨਿਹੱਥੇ ਅਤੇ ਜਾਨ ਬਖ਼ਸ਼ੀ ਲਈ ਤਰਲੇ ਲੈਂਦਿਆਂ ਨੂੰ ਅਤੇ ਜਾਂ ਵਿਸ਼ਵਾਸ਼ ਘਾਤ ਨਾਲ ਅਥਵਾ ਲੁਕ ਛੁਪ ਕੇ ਹੀ ਮਾਰਿਆ ਹੈ । ਅਜੇਹੇ ਕਤਲਾਂ ਨੇ ਸਵਾਰਿਆ ਕੀ ? ਇੰਦ੍ਰਾ ਨੂੰ ਮਾਰਨ ਲਈ ਪਹਿਲਾਂ ਉਸ ਦੀ ਰਾਖੀ ਲਈ ਪਹਿਰੇ ਤੇ ਖਲੋਣ ਵਾਲਾ ਵਿਸ਼ਵਾਸ਼-ਘਾਤੀ ਕਰਮ, ਕੀ ਗੁਰਸਿੱਖੀ ਦਾ ਚਲਨ ਹੈ ? ਅਤੇ ਫਿਰ ਸਤਿਗੁਰਾਂ ਦੇ ਹੁਕਮਾਂ ਵੱਲ ਪਿੱਠ ਕਰਕੇ ਉਸ ਦੀ ਮੌਤ ਨਾਲ ਸਿੱਖਾਂ ਨੇ ਕੁਝ ਖੱਟਿਆ ਕਿ ਗਵਾਇਆ ? ਲੁਕ ਤੇ ਤੀਰ ਜਾਂ ਗੋਲੀ ਮਾਰਨ ਵਾਲੇ ਸ੍ਰੀ ਰਾਮਚੰਦ੍ਰ ਜੀ ਦੇ ਚੇਲੇ ਤਾਂ ਹੋ ਸਕਦੇ ਹਨ ਦਸ਼ਮੇਸ਼ ਜੀ ਦੇ ਸਿੱਖ ਅਜੇਹਾ ਕਾਇਰਾਂ ਵਾਲਾ ਕਰਮ ਕਿਉਂ ਕਰਨ ? ਬਾਲੀ ਨੂੰ ਲੁਕ ਕੇ ਤੀਰ ਮਾਰਨ ਵਾਲਾ ਕਰਮ ਹੈ ਤਾਂ ਗੀਦੀਆਂ ਵਾਲਾ ਹੀ ਸੀ, ਪਰ ਬ੍ਰਾਹਮਣ ਜੀ ਨੇ ਬਹਾਨਾ ਬਣਾ ਲਿਆ ਹੋਇਆ ਹੈ ਕਿ ਬਾਲੀ ਦੇ ਸਾਹਮਣੇ ਹੋਣ ਨਾਲ ਸ੍ਰੀ ਰਾਮ ਪ੍ਰਭੂ ਜੀ ਦੀ ਅੱਧੀ ਸ਼ਕਤੀ ਬਾਲੀ ਵਿਚ ਜਾ ਵੜਨੀ ਸੀ । ਪਰ ਨਿਰੰਕਾਰੀ ਆਗੂ ਸਮੇਤ ਮਾਰੇ ਜਾਣ ਵਾਲਿਆਂ ਵਿਚ, ਅਜੇਹੀ ਸ਼ਕਤੀ ਦੇ ਹੋਣ ਦਾ ਕੋਈ ਭਰਮ ਹੈ ਸੀ ? ਸੱਚ ਕੁਝ ਵੀ ਹੋਵੇ ਪਰ ਕੀ, ਨਿਰੰਕਾਰੀ ਲਹਿਰ ਵਿਚ ਕੋਈ ਫਰਕ ਪਿਆ ? ਕੀ ਖ਼ਾਲਸਾ ਕੌਮ ਦਾ ਬੋਲ ਬਾਲਾ ਹੋਇਆ ? ਕੀ, ਗੁਰੂ ਨਾਨਕ ਸਾਹਿਬ ਜੀ ਦੇ ਨਾਲ ਵੀ ਅਸੀਂ ਵਿਸ਼ਵਾਸ਼ਘਾਤ ਨਹੀਂ ਕਰ ਰਹੇ ? ਕੀ, ਇਨ੍ਹਾਂ ਤੱਥਾਂ ਵੱਲ ਝਾਤੀ ਮਾਰਨ ਦੀ ਲੋੜ ਮੁਕਾ ਦੇਣੀ ਗੁਰਮੁਖਾਂ ਦਾ ਚਲਨ ਹੈ ਕਿ ਜਾਂ ਘੋਰ ਕੌਮੀ ਬਦਕਿਸਮਤੀ ਹੈ ?

ਤੁਸੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦੇ ਗਿਆਨ-ਖੜਗ ਨਾਲ ਬੜੇ ਕੱਟੜ ਵਾਦੀ ਸਿੱਧਾਂ ਦੇ ਮੱਠ ਅਤੇ ਦੂਜਿਆਂ ਨੂੰ ਕਾਫ਼ਰ ਸਮਝਣ ਵਾਲੀ ਤੰਗ ਦਿਲੀ ਵਾਲੀ ਘਾਤਕ ਘਿਰਣਾ ਨਾਲ ਭਰਪੂਰ ਮੁਸਲਮਾਨਾਂ ਦੇ ਗੜ੍ਹ ਮੱਕੇ ਅਤੇ ਬਗ਼ਦਾਦ ਨੂੰ ਸਰ ਕੀਤਾ ਸੀ । ਤੁਸੀਂ ਇਹ ਵੀ ਜਾਣਦੇ ਹੋ ਕਿ ਗੁਰੂ ਨਾਨਕ ਨਿਰੰਕਾਰੀ ਨੇ ਆਪਣੇ ਦਸਾਂ ਸਰੂਪਾ ਵਿਚਲੀ ਲੰਮੀ ਘਾਲਣਾ ਨਾਲ ਜਿਸ ਗਿਆਨ ਨੂੰ ਦ੍ਰਿੜ ਕਰਾਇਆ ਸੀ, ਆਪਣੇ ਦਸਵੇਂ ਰੂਪ ਸਮੇ ਖ਼ਾਲਸੇ ਨੂੰ ਉਸੇ ਗਿਆਨ-ਰੂਪ ' **ਖੰਡੇ** ' ਅਥਵਾ ' **ਖੜਗ** ' ਦੇ ਹੀ ਲੜ ਲਾਇਆ ਹੈ । ਭਾਂਵੇ ਆਪ ਤੇ ਵਿਦਤ ਹੀ ਹੈ, ਫਿਰ ਵੀ ਸਤਿਗੁਰਾਂ ਦੀ ਬਖ਼ਸ਼ਸ਼ ਵਾਲੇ ਉਸ ਨਿਮਰਤਾ ਰੂਪ-ਖੰਡੇ ਦੀ ਅਤੇ ਗਿਆਨ-ਰੂਪ ਗੜਗ ਦੀ ਯਾਦ ਤਾਜ਼ਾ ਕਰ ਲੈਣੀ ਗੁਸਤਾਖ਼ੀ ਨਹੀਂ ਹੈ ਜੀ:--

ੳ- **ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**
**ਇਸ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ, ਏਹ ਗਲ ਸਾਰੀ ॥ ੧ ॥** [੬੨੮]-੧੬-੮੦

ਅ- **ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥**
**ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥ ੨ ॥** [੫੭੪]-੪

ੲ- **ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥**
**ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਹੈ ਗੁਰਿ ਗਿਆਨੁ ਖੜਗੁ ਲੈ ਮਾਰੇ ॥ ੭ ॥**[੯੮੩]

ਜਿਹੜਾ ਖ਼ਾਲਸਾ ਇਹ Claim ਕਰਦਾ ਹੈ ਕਿ ਸਤਿਗੁਰਾਂ ਨੇ ਉਸ ਨੂੰ ਗੁਰਿਆਈ ਦਾ ਭਾਈਵਾਲ ਬਣਾਇਆ ਹੋਇਆ ਹੈ, ਕੀ ਕਾਰਨ ਹੈ ਕਿ ਖ਼ਾਲਸਾ ਜੀ ਸਤਿਗੁਰਾਂ ਦੇ ਬਖਸ਼ੇ ਹੋਏ ਗਿਆਨ-ਖੜਗ ਦੀ ਵਰਤੋਂ ਤਿਆਗ ਕੇ ਉਸ ਖੜਗ ਦੀ ਵਰਤੋਂ ਵੱਲ ਭੱਜ ਪੈਂਦਾ ਹੈ ਜਿਸ ਦੀ ਵਰਤੋਂ ਆਪਣੇ ਬਚਾਅ ਵਾਸਤੇ ਕਰਨ ਲਈ ਵੀ ਪਹਿਲਾਂ ਹੋਰ ਸਾਰੇ ਤਰੀਕੇ ਵਰਤ ਲੈਣ ਦੀ ਤਾਕੀਦ ਹੈ--" ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ " । ਜਿਸ ਖੜਗ ਦਾ ਵਾਰ ਕਦੇ ਖ਼ਾਲੀ ਨਹੀਂ ਸੀ ਗਿਆ ਉਸ ਨਿਮਰਤਾ ਖੰਡੇ ਨੂੰ ਸਿੱਖਾਂ ਨੇ ਵਿਅਰਥ ਕਿਸ ਕਾਰਨ ਮੰਨ ਲਿਆ ? ਨਿਰੰਕਾਰੀਆਂ ਦੇ ਗੜ੍ਹ ਨੂੰ ਉਸੇ ਨਿਮਰਤਾ-ਖੰਡੇ ਨਾਲ ਅਤੇ ਗੁਰ-ਗਿਆਨ-ਖੜਗ ਨਾਲ ਸਰ ਕਰ ਲੈਣ ਲਈ ਗੁਰਮਤਿ ਗਿਆਨ ਦੇ ਪਰਚਾਰ ਦਾ ਅਸਰਦਾਰ ਹੱਲਾ ਬੋਲਣ ਦੀ ਥਾਂ ਵਿਰੋਧੀਆਂ ਦੀ ਜਾਨ ਲੈ ਲੈਣ ਦਾ ਰਾਹ ਫੜਨਾ ਕੀ ਗੁਰਮਤਿ ਹੈ ਜੀ ? ਗੁਰਮਤਿ ਦੀ ਅਜੇਹੀ ਘੋਰ ਉਲੰਙਣਾ ਕਰਨ ਵਾਲਿਆਂ ਵਿਰੁੱਧ ਸ੍ਰੀ ਅਕਾਲ ਤਖ਼ਤ ਵਲੋਂ ਕੋਈ ਹੁਕਮਨਾਮਾ ਕਿਸ ਦਲੀਲ ਨਾਲ ਨਹੀਂ ਜਾਰੀ ਕੀਤਾ ਜਾ ਰਿਹਾ ? ਕੀ ਅਜੇਹੀ ਅਣਗਹਿਲੀ ਨੂੰ ਗੁਰਮਤਿ ਸਿੱਧ ਕਰਨ ਲਈ (ਉਪ੍ਰੋਕਤ ਆਏ ਹਰ ਵਿਸ਼ੇ ਦੇ ਘੱਟੋ ਘੱਟ ਪੰਜ ਗੁਰੂ ਸ਼ਬਦਾਂ ਵਾਂਗ), ਗੁਰਬਾਣੀ ਦੇ ਫ਼ੁਰਮਾਨ ਮਿਲ ਸਕਦੇ ਹਨ ਜੀ ? ਜੇ ਨਹੀਂ, ਤਾਂ, ਕਿਸ ਦਲੀਲ ਨਾਲ ਕਹਿ ਰਹੇ ਹਾਂ ਕਿ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿਨ ਸਿੱਖ ਹਾਂ ?

**੫-** ਕਿਸੇ ਵੱਡੇ ਤੋਂ ਵਡੇ ਜ਼ਾਲਮ ਦੀ ਜਾਨ ਲੈ ਲੈਣ ਵਾਲੀ ਕੋਈ ਉਦਾਹਰਣ ਗੁਰੂ ਇਤਿਹਾਸ ਵਿਚੋਂ ਕੋਈ ਨਹੀਂ ਮਿਲਦੀ ਅਤੇ ਨਾ ਅਜੇਹਾ ਕੋਈ ਫ਼ੁਰਮਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹੀ ਹੈ । ਫਿਰ ਕਿਸੇ ਨੂੰ ਜਾਨੋਂ ਮਾਰ ਮੁਕਾਉਣ ਵਾਲੇ ਕਰਮ ਬਾਰੇ ਇਹ ਕਹਿਣਾ---" ਗੁਰੂ ਨਾਨਕ ਸਾਹਿਬ ਜੀ ਨੇ ਜੋ ਸੇਵਾ ਲਈ ਸੋ ਹੋ ਗਈ, ਮੈ ਕੌਣ ਹਾਂ ਕਰਨ ਵਾਲਾ "-- ਕੀਂ ਗੁਰਮਤਿ ਹੈ ਜੀ ? ਈਸਾਈ ਅਥਵਾ ਮੁਸਲਮਾਨ ਆਪਣੇ ਕਿਸੇ ਕੁ-ਕਰਮ ਦੀ, ਜੰਮੇਵਾਰੀ ਆਪਣੇ ਪੈਗ਼ੰਬਰ ਜਾਂ ਰੱਬ ਤੇ ਕਦੇ ਨਹੀਂ ਪਾਉਂਦੇ, ਉਹ ਕਹਿੰਦੇ ਹਨ-" ਇਹ ਮੰਦਾ ਕੰਮ ਮੈਥੋਂ **ਸ਼ੈਤਾਨ** ਨੇ ਕਰਾਇਆ ਹੈਂ ' । ਕੀ ਇਹ ਸੱਚ ਮੰਨ ਲਿਆ ਜਾਵੇ ਕਿ ਅੱਜ ਅਸੀਂ (ਖ਼ਾਲਸਾ ਪੰਥੀਏ) **ਸੈਤਾਨ ਵਾਲਾ ਕੰਮ ਵੀ ਆਪਣੇ ਸਤਿਗੁਰੂ ਨਾਨਕ ਜੀ ਕੋਲੋਂ ਹੀ ਲੈ ਰਹੇ ਹਾਂ** ?

**੬-** ਪ੍ਰੋਫੈਸਰ ਸ਼ੇਰ ਸਿੰਘ ਜੀ ਐਮ . ਏ . ਪੀ . ਐਚ . ਡੀ . (ਲੰਡਨ) ਦੀ ਲਿਖੀ ਪੁਸਤਕ ' ਗੁਰਮਤਿ ਦਰਸ਼ਨ, S.G.P.C. ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਕ ਕੀਤੀ ਹੈ । ਉਸ ਦੇ ੭੨ ਸਫ਼ੇ ਤੇ ਇਹ ਬਚਨ ਲਿਖੇ ਹੋਏ ਹਨ--"

" ਇਹ ਤਾਂ ਸੰਭਵ ਹੈ ਕਿ ਬਾਬਾ ਬੰਦਾ ਬਹਾਦਰ ਵੇਲੇ ਕੁਝ ' ਅਦਲੇ ਕਾ ਬਦਲਾ " ਵਾਲੀ ਪਾਲਿਸੀ ਖ਼ਾਲਸੇ ਨੇ ਅਖ਼ਤਿਆਰ ਕਰ ਲਈ ਹੋਵੇ ਪਰੰਤੂ, ਗੁਰੂ ਸਹਿਬਾਂ ਦੇ ਸਮੇਂ ਨਾ ਤਾਂ ਆਦਰਸ਼ ਵਿਚ ਤੇ ਨਾ ਉਸ ਦੀ ਅਮਲੀ ਵਰਤੋਂ ਵਿਚ ਕਈ ਊਣਤਾਈ ਦਿਸਦੀ ਹੈ "।

ਅੱਜ ਤੁਹਾਡੀ ਪਦਵੀ ਵੀ ਬਾਬਾ ਬੰਦਾ ਸਿੰਘ ਜੀ ਨਾਲੋਂ ਘਟ ਨਹੀਂ ਹੈ । **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥** ਪੰਥ ਤੇ ਬੜਾ ਉਪਕਾਰ ਹੋਵੇਗਾ ਜੇ ਆਪ ਜੀ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਸਮਾ ਕੱਢ ਸਕੋ । ਕਿਸੇ ਵੀ ਦਲੀਲ ਨਾਲ ਇਸ ਸਚਾਈ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਖ਼ਾਲਿਸਤਾਨ ਦੀ ਪ੍ਰਾਪਤੀ ਦੇ ਨਾ ਹੇਠ, " **ਬੇਮੁਹਾਰੇ ਸੰਘਰਸ਼** " ਵਿਚਲੇ, ਕਾਇਰਾਂ ਵਾਲੇ ਕਈ ਕਾਰਿਆਂ ਦੇ ਕਾਰਨ, ਖ਼ਾਲਸਾ ਜੀ ਦਾ ਉਜਲ ਮੁੱਖ ਹੋਰ ਵੀ ਵੱਧ

ਮੈਲਾ ਹੋਇਆ ਹੈ । **ਬਦਲਾ ਲਊ ਭਾਵਣਾ ਵਿਚ ਕੀਤੇ ਕਾਰੇ ਦਾ ਸਦਕਾ ਜਿੰਨ੍ਹਾਂ ਹਾਲਤਾਂ ਵਿਚ ਆਪ ਜੀ ਇਸ ਮਹਾਨ ਪਦਵੀ ਤੇ ਬਿਰਾਜਮਾਨ ਹੋਏ ਹੋ, ਇਸ ਤੋਂ ਉਹ ਸਾਰਾ ਕੁਝ ਪੰਥਕ ਆਚਰਨ ਦਾ ਧਾਰਮਿਕ ਅੰਗ ਬਣ ਜਾਣਾ ਹੈ । ਪੰਥਕ ਫ਼ਸਾਦਾਂ ਵਿਚ ਵਾਧਾ ਹੋਣ ਦਾ ਅਤੇ ਵਿਸ਼ਵਾਸ਼ਘਾਤ ਨਾਲ ਕਤਲ ਕੀਤੇ ਜਾਣ ਦੀਆਂ ਵਾਰਦਾਤਾਂ ਵਿਚ ਵਾਧਾ ਹੋਣ ਦਾ ਡਰ ਵਧਣਾ ਹੈ । ਤੁਹਾਡੀ ਇਸ ਨਿਯੁਕਤੀ ਤੋਂ ਗੁਰੂ ਨਾਨਕ ਸਾਹਿਬ ਜੀ ਦੀ (੨੦੦ ਸਾਲ ਤੋਂ ਵੱਧ ਸਮੇ ਵਿਚਲੀਆਂ) ਕੁਰਬਾਨੀਆਂ ਵਾਲੀ ਘਾਲਣਾ ਤੇ, ਪੂਰੀ ਤਰ੍ਹਾਂ ਪਾਣੀ ਫਿਰ ਜਾਣ ਦੀ ਸੰਭਵਣਾ ਵਧੀ ਹੈ । ਸਤਿਗੁਰਾਂ ਦਾ ਨਿਰਵੈਰਤਾ, ਨਿਰਭੈਤਾ, ਖਿਮਾ, ਕਿਸੇ ਦਾ ਦਿਲ ਨਾ ਢਾਂਉਣ ਵਾਲਾ, ਦੀਨ ਕੇ ਹੇਤ ਲੜਨ ਵਾਲਾ, ਸਾਰੇ ਦਾ ਸਾਰ ਗੁਰਮਤਿ ਸਿੰਧਾਂਤ ਪੱਕੀ ਤਰ੍ਹਾਂ ਖ਼ਤਮ ਹੋ ਕੇ ਆਪਣੇ ਅਸਲੇ ਵਲ ਮੋੜਾ ਖਾ ਸਕਣ ਦੀ ਆਸ ਲਗ-ਪਗ ਖ਼ਤਮ ਹੋ ਜਾਣੀ ਹੈ ।**

੭- ਇਸ ਨਿਮਾਣੇ ਬ੍ਰਿਧ ਸੇਵਕ ਦੀ ਆਪ ਜੀ ਦੇ ਚਰਣਾ ਵਿਚ ਬੇਨਤੀ ਹੈ ਕਿ ਤੁਸੀਂ ਸਗੋਂ ਪਹਿਲਾਂ ਵਰਤ ਰਹੇ ਇਸ ਭਾਣੇ ਨੂੰ ਮੁੜ ਗੁਰਮਤਿ ਵੱਲ ਪਰਤਣ ਵਾਲਾ ਮੋੜ, ਬੜੀ ਸਫ਼ਲਤਾ ਨਾਲ ਦੇ ਸਕਦੇ ਹੋ । **ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥** ਭੁੱਲ ਨਾ ਕਰਨੀ, ਕੇਵਲ ਕਰਤੇ ਦੇ, ਅਤੇ ਕਰਤੇ ਦਾ ਰੂਪ ਹੋ ਚੁੱਕੇ ਸਤਿਗੁਰਾਂ ਦੇ ਹਿੱਸੇ ਦੀ ਗੱਲ ਹੈ । **ਮਨੁੱਖ** ਸਦਾ ਭੁੱਲਣਹਾਰ ਹੈ । ਭੁੱਲ ਦਾ ਅਨੁਭਵ ਕਰਨਾ ਸੱਚੀ ਇਨਸਾਨੀਯਤ ਹੈ, ਪਰ **ਭੁੱਲ ਨੂੰ ਖੁਲ੍ਹੇ ਸ਼ਬਦਾਂ ਵਿਚ ਮੰਨ ਲੈਣਾ ਸੂਰਮੇ ਮਹਾਂਪੁਰਖਾਂ ਦੇ ਆਚਰਨ** ਦਾ ਹਿੱਸਾ ਹੈ। **ਝੋਲੀ ਚੁੱਕ ਸੁਆਰਥੀਆਂ ਤੋਂ ਮਿਲ ਰਹੀ ਵਾਹ ਵਾਹ ਨੂੰ ਪਿੱਠ ਦੇ ਕੇ, ਪੂਰਨ ਤਿਆਗ ਦੀ ਭਾਵਣਾ ਨਾਲ, ਗੁਰਮਤਿ ਦੇ ਗੁਰੂਬਾਣੀ-ਅੰਮ੍ਰਿਤ-ਉਪਦੇਸ਼ ਵਿਚ ਭਿੱਜਾ ਹੋਇਆ ਪਛਤਾਵੇ ਵਾਲਾ ਬਿਆਨ ਦਿਉ ।** ਖਿਮਾ, ਨਿਰਵੈਰਤਾ, ਅਤੇ ਧੀਰਜ ਨੂੰ ਗ੍ਰਿਹਣ ਕਰੀ ਰੱਖਣ ਵਾਲੇ ਖ਼ਾਲਸਈ ਚਲਨ ਵੱਲ ਮੋੜਾ ਖਾਣ ਦਾ ਕੌਮ ਨੂੰ ਉਪਦੇਸ਼ ਦੇਣ ਦੇ ਨਾਲ (ਜੇ ਤੁਸੀਂ ਕੋਈ ਭੁੱਲ ਹੋਈ ਦਿਲੋਂ ਸਮਝਦੇ ਹੋਵੋ ਤਾਂ) ਪਛਤਾਵੇ ਵਾਲੇ ਸਨਿਮਰ ਸ਼ਬਦਾਂ ਨਾਲ ਆਪਣਾ ਆਪਾ ਗੁਰੂ-ਖ਼ਾਲਸਾ ਪੰਥ ਦੀ ਝੋਲੀ ਵਿਚ ਪਾਉ । ਪੰਥਕ ਤੌਰ ਤੇ ਖ਼ਾਲਸਾ ਅਜੇ ਵੀ ਬਖ਼ਸ਼ਿੰਦ ਹੋਣ ਦੇ ਗੁਣ ਤੋਂ ਖ਼ਾਲੀ ਨਹੀਂ ਹੋਇਆ । ਆਪ ਜੀ ਵਲੋਂ ਅਜੇਹਾ ਬਿਆਨ ਛਪਦਿਆਂ ਸਾਰ ਹੀ ਲੋਕਾਂ ਵਲੋਂ ਬੇਨਤੀ ਪੱਤਰ ਆਉਣੇ ਅਰੰਭ ਹੋ ਜਾਣੇ ਹਨ ਕਿ ਆਪਾ ਪੜਤਾਲਣ ਵਾਲਾ ਤੁਹਾਥੋਂ ਚੰਗਾ ਹੋਰ ਜਥੇਦਾਰ ਕਿਥੋਂ ਲੱਭਣਾ ਹੈ ? ਆਪਣੀ ਭੁੱਲ ਮੰਨ ਕੇ ਗੁਰਮਤਿ ਅਨੁਸਾਰ ਸੁਧਾਰ ਕਰ ਲੈਣ ਵਾਲੇ ਨਿਸ਼ਕਪਟ, ਸੁਹਿਰਦ ਜਥੇਦਾਰ ਜੀ ਦੀ ਦੇ ਦਰਸ਼ਨਾਂ ਦੀ ਪੰਥ ਨੂੰ ਸਦਾ ਸਿੱਕ ਰਹੀ ਹੈ । ਉਸ ਘਾਟ ਨੂੰ ਪੂਰੀ ਕਰ ਦੇਣ ਦੇ ਨਾਲ ਬਦਲਾ ਲਊ ਬ੍ਰਾਹਮਣੀ ਰੀਤ ਨੂੰ ਜੱਫਾ ਮਾਰਨ ਵਿਚ ਪਹਿਲ ਕਰਨ ਲਈ ਦੌੜੀ ਜਾ ਰਹੀ ਕੌਮ ਨੂੰ ਆਪਣੇ ਅਸਲੇ ਵੱਲ ਮੋੜ ਲੈਣ ਦਾ ਕਰਾਮਾਤੀ ਉਪਕਾਰ ਹੋਵੇਗਾ, ਤੁਿਹਾਡੀ ਏਹ ਦੇਣ ਇਤਿਹਾਸ ਵਿਚ ਸਵਰਨ ਅੱਖਰਾਂ ਵਿਚ ਲਿਖੀ ਜਾਵੇਗੀ ।

## ਭੇਟਾ

ਮੂੰਹ ਤੇ " ਸਭ ਹੱਛਾ " ਕਹੀ ਜਾਣ ਵਾਲੇ ਕੁਟਲ ਖੁਸ਼ਾਮਦੀ ਝੋਲੀ ਚੁੱਕ, ਸੱਜਣ ਨਹੀਂ, ਸਗੋਂ ਵੈਰੀ ਹੁੰਦੇ ਹਨ । ਖੁਨਾਮੀ ਵੱਲ ਝਾਤੀ ਮਰਵਾਉਣ ਦੀ ਦਲੇਰੀ ਕਰਨ ਵਾਲਾ ਸਦਾ ਹੀ ਰਾਜਿਆਂ ਮਹਾਰਾਜਿਆਂ ਦਾ ਸੱਚਾ ਸੱਜਣ ਮੰਨਿਆਂ ਜਾਂਦਾ ਰਿਹਾ ਹੈ । ਦਾਸ ਨੇ ਆਪਣੇ ਵਲੋਂ ਸੱਚੇ ਹਿਤੈਸ਼ੀਆਂ ਵਾਲਾ ਉੱਦਮ ਕੀਤਾ ਹੈ । ਗ਼ਲਤੀ ਸੰਮਝੋ ਤਾਂ ਸੱਤਰਿਆਂ ਬਹੱਤਰਿਆ ਸਮਝ ਕੇ ਖਿਮਾ ਕਰ ਦੇਣਾ, ਪਰ ਗੰਭੀਰਤਾ ਨਾਲ

ਵਿਚਾਰ ਜ਼ਰੂਰ ਕਰਨੀ । ਇਸ ਚਿੱਠੀ ਦੇ ਨਾਲ ਦਾਸ ਨੇ (੧) **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ "** ਪੁਸਤਕ ਆਪ ਜੀ ਦੀ ਸੇਵਾ ਵਿਚ **ਭੇਟਾ** ਕਰਨ ਲਈ ਭੇਜੀ ਹੈ । ਦਸ਼ਮੇਸ਼ ਜੀ ਦਾ ਵਾਸਤਾ ਪਾ ਕੇ ਜੋਦੜੀ ਕਰਦਾ ਹਾਂ ਕਿ ਇਸ ਪੁਸਤਕ ਨੂੰ ਅਰੰਭ ਤੋਂ ਆਖ਼ੀਰ ਤੱਕ ਲਗਾਤਾਰ ਪੜ੍ਹਨ ਦਾ ਸਮਾ ਕਢਣ ਵਿਚ ਪਹਿਲ ਦਿਉ । ਇਸ ਪੁਸਤਕ ਨੂੰ ਪੜ੍ਹਨ ਤੇ ਇਕ ਮਿੰਟ ਵੀ ਤੁਸੀਂ ਵਿਅਰਥ ਗਿਆ ਨਹੀਂ ਸਮਝੋਗੇ । ਨਿਸ਼ਕਪਟ ਅਤੇ ਤਿਆਗੀ ਸੁਭਾ ਵਾਲੇ ਜਥੇਦਾਰ ਸਾਹਿਬ ਦੀ ਇਸ ਪਦਵੀ ਨੂੰ ਬੜੀ ਸਖ਼ਤ ਲੋੜ ਹੈ । ਤਹਾਨੂੰ ਅਜੋਕੀ ਪੰਥਕ ਗਿਰਾਵਟ ਦੇ ਕਾਰਨਾਂ ਦਾ ਪੂਰਾ ਪਤਾ ਹੋਣਾ ਬਹੁਤ ਜ਼ਰੂਰੀ ਹੈ । (੨) ਦੂਜੀ ਪੁਸਤਕ --**ਮਾਸੁ ਮਾਸੁ ਕਰਿ ਮੂਰਖ ਝਗੜੇ "** ਬੜੀ ਵਿਸ਼ਾਲ ਗੁਰਮਤਿ ਜਾਣਕਾਰੀ ਦਾ ਭੰਡਾਰ ਅਜੇਹੀ ਪੁਸਤਕ ਵੀ ਸੁਲੱਭ ਨਹੀਂ ਹੈ ।

ਇਸ ਚਿੱਠੀ ਦੀ ਪਹੁੰਚ ਬਾਰੇ ਪਤਾ ਲਿਖ ਭੇਜਣਾ ਤਾਂ ਜੋ ਤਸੱਲੀ ਹੋ ਜਾਵੇ ਕਿ ਇਹ ਨਿਮਾਣਾ ਯਤਨ ਆਪ ਜੀ ਦੇ ਕਰ-ਕੰਵਲਾਂ ਤੱਕ ਪੁਜ ਗਿਆ ਹੈ । ਨੁਵੰਬਰ ੧੯੯੯ ਵਿਚ ਉਸ ਸਮੇ ਜੋ ਆਪ ਜੀ ਵਾਲੀ ਪਦਵੀ ਤੇ ਸਸ਼ੋਭਤ ਸਨ, ਪ੍ਰੋ: ਦਰਸ਼ਨ ਸਿੰਘ ਜੀ ਦੀ ਸੇਵਾ ਵਿਚ ਬੇਨਤੀ ਪੱਤਰ ਪੁਚਾਉਣ ਲਈ ਅਖ਼ਬਾਰਾਂ ਦੀ ਸਹਾਇਤਾ ਲੈਣੀ ਪਈ ਸੀ। ਅੰਤ ਨੂੰ ਉਹ ਚਿੱਠੀ ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਦਾ ਹਿੱਸਾ ਬਣਾਉਣ ਗਈ । ਬਿੱਪ੍ਰਨ ਕੀ ਰੀਤ ਨਾਲ ਸੰਬੰਧਤ ਦੋ ਪੱਤ੍ਰ ਰਜਿਸਟਰੀ ਲਫ਼ਾਫੇ ਦੁਆਰਾ, ਪ੍ਰੋ: ਮਨਜੀਤ ਸਿੰਘ ਜੀ ਕਾਰਜਕਾਰੀ ਜਥੇਦਾਰ ਜੀ ਦੀ ਸੇਵਾ ਵਿਚ ਭੇਜੇ ਸਨ । ਪਰ ਸ਼ਾਇਦ ਉਨ੍ਹਾਂ ਦੀ ਸੇਵਾ ਵਿਚ ਪੁੱਜੇ ਹੀ ਨਾ ਹੋਣ। ਇਸ ਚਿੱਠੀ ਦੇ ਨਾਲ, ਤੀਜੀ ਚਿੱਠੀ ਸਨਮਾਨ ਜੋਗ ਪ੍ਰੋ: ਮਨਜੀਤ ਸਿੰਘ ਜੀ ਦੀ ਸੇਵਾ ਵਿਚ ਪਹੁੰਚ ਜਾਣ ਦੇ ਪੱਕੇ ਭਰੋਸੇ ਨਾਲ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ । ਉਨ੍ਹਾਂ ਨੂੰ ਦੇਣ ਤੋਂ ਪਹਿਲਾਂ ਤੁਸਾਂ ਆਪ ਪੜ੍ਹ ਲੈਣੀ ਜੀ। ਭੁੱਲਾਂ ਦੀ ਖਿਮਾ--

ਗੁਰਮਤਿ ਅਨੁਸਾਰ ਜੀਵਨ ਬਤੀਤ ਕਤ ਰਹੇ ਗੁਰਮੁਖਾਂ ਦੀ ਚਰਨ ਧੂੜ-ਦਾਸਰਾ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾਲ

**11445--86/A Avenue Delta. B.C. V4C-2Y9**
**CANADA. [Tel:[604)572-6817]**

(ਨੋਟ--ਟੌਹੜਾ ਸਾਹਿਬ ਦੀ ਸੇਵਾ ਵਿਚ ਲਿਖੀ ਚਿੱਠੀ ਦਾ ਉਤਾਰਾ ਆਪ ਜੀ ਦੀ ਜਾਣਕਾਰੀ ਲਈ ਭੇਜ ਰਿਹਾ ਹਾਂ । ਉੱਤਰ ਦੇਣ ਦਾ ਭਰੋਸਾ ਕਰਾ ਕੇ ਵੀ ਕੋਈ ਉੱਤਰ ਨਾ ਆਇਆ)

(ਪਹਿਲੇ ਦੋ ਅਸਫ਼ਲ ਰਹਿਆਂ ਪਿੱਛੋਂ ਤੀਸਰਾ ਬੇਨਤੀ ਪੱਤਰ)